**<u>ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ</u>**
**<u>ਐਟ ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼ - 8, ਮੋਹਾਲੀ (ਐਸ.ਏ.ਐਸ. ਨਗਰ)</u>**
**<u>(ਗ੍ਰਾਂਟ ਕਮ ਪੈਨਸ਼ਨ - 2 ਸ਼ਾਖਾ)</u>**

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ. ਅਤੇ ਐ.ਸਿ.)
ਪੰਜਾਬ।

ਮੀਮੋ ਨੰ. 04 / 08 - 2020 ਗ੍ਰਾਂਟ ਪੈਨਸ਼ਨ 2 ( 1 )
ਮਿਤੀ, ਐਸ.ਏ.ਐਸ. ਨਗਰ, 23-03-2020

ਵਿਸ਼ਾ - ਗੈਰ ਸਰਕਾਰੀ ਵਿਦਿਅਕ ਸੰਸਥਾਵਾਂ (ਪ੍ਰਾਈਵੇਟ ਸਕੂਲਾਂ) ਵੱਲੋਂ ਅਕਾਦਮਿਕ ਸੈਸ਼ਨ 2020-21 ਦੇ ਨਵੇਂ ਦਾਖਲਿਆਂ ਸਬੰਧੀ ਲਈਆਂ ਜਾਣ ਵਾਲੀਆਂ ਫੀਸਾਂ ਦੀ ਅੰਤਿਮ ਮਿਤੀ ਬਾਰੇ।

1.0 ਉਪਰੋਕਤ ਵਿਸ਼ੇ ਸਬੰਧੀ ਵਿਭਾਗ ਦੇ ਧਿਆਨ ਵਿੱਚ ਆਇਆ ਹੈ ਕਿ ਰਾਜ ਦੇ ਗੈਰ ਸਰਕਾਰੀ ਵਿਦਿਅਕ ਸੰਸਥਾਵਾਂ ਵੱਲੋਂ ਨਵੇਂ ਦਾਖਲਿਆਂ ਸਬੰਧੀ ਲਈਆਂ ਜਾਣ ਵਾਲੀਆਂ ਫੀਸਾਂ ਦੀ ਅੰਤਿਮ ਮਿਤੀ 31.03.2020 ਨਿਰਧਾਰਿਤ ਕੀਤੀ ਗਈ ਹੈ।

2.0 ਪ੍ਰੰਤੂ ਪੰਜਾਬ ਰਾਜ ਵਿੱਚ ਕੋਰੋਨਾ ਵਾਇਰਸ ਦੇ ਕਾਰਨ ਪੈਦਾ ਹੋਏ ਹਾਲਾਤਾਂ ਦੇ ਮੱਦੇਨਜਰ ਵਿਭਾਗ ਨੂੰ ਬਹੁਤ ਸਾਰੇ ਪੇਰੈਂਟਸ ਵੱਲੋਂ ਨਿਸ਼ਚਿਤ ਸਮੇਂ ਵਿੱਚ ਇਹ ਫੀਸਾਂ ਨਹੀਂ ਜਮ੍ਹਾਂ ਕਰਵਾਉਣ ਸਬੰਧੀ ਧਿਆਨ ਵਿੱਚ ਲਿਆਂਦਾ ਗਿਆ ਹੈ।

3.0 ਮੌਜੂਦਾ ਸਥਿਤੀ ਦੇ ਮੱਦੇਨਜਰ ਸਮੂਹ ਗੈਰ – ਸਰਕਾਰੀ ਵਿਦਿਅਕ ਸੰਸਥਾਵਾਂ ਨੂੰ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਪੇਰੈਂਟਸ ਦੇ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਅੰਤਿਮ ਮਿਤੀ ਨੂੰ ਰੀ-ਸ਼ਿਡਿਊਲ ਕੀਤਾ ਜਾਵੇ। ਹਾਲਾਤ ਸੁਧਰਣ ਉਪਰੰਤ ਸਬੰਧਤ ਵਿਦਿਆਰਥੀਆਂ ਦੇ ਮਾਪਿਆਂ ਨੂੰ ਦਾਖਲਿਆਂ ਦੀ ਫੀਸ ਜਮ੍ਹਾਂ ਕਰਾਉਣ ਲਈ ਇੱਕ ਮਹੀਨੇ ਦਾ ਸਮਾਂ ਜਰੂਰ ਉਪਲਬੱਧ ਹੋਵੇ ਅਤੇ ਫੀਸ ਲੈਣ ਸਮੇਂ ਕੋਈ ਵਾਧੂ ਜੁਰਮਾਨਾ ਆਦਿ ਨਾ ਲਗਾਇਆ ਜਾਵੇ।

4.0 ਇਹਨਾਂ ਹੁਕਮਾਂ ਦੀ ਇੰਨ ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ, ਕਿਸੇ ਵੀ ਕਿਸਮ ਦੀ ਸ਼ਿਕਾਇਤ ਮਿਲਣ ਤੇ ਸਬੰਧਤ ਸਕੂਲਾਂ ਵਿਰੁੱਧ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।

ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ